# 12
# ਸਲੀਬ ਵੱਲ ਵਾਕ

## ਮੱਤੀ 27 ; ਮਰਕੁਸ 15 ; ਲੂਕਾ 23 ; ਯੂਹੰਨਾ 19

*''ਉਸ ਨੇ ਹੋਰਨਾਂ ਨੂੰ ਬਚਾਇਆ, ਆਪਣੇ ਆਪ ਨੂੰ ਨਹੀਂ ਬਚਾ ਸਕਦਾ! ਇਹ ਇਸਰਾਏਲ ਦਾ ਰਾਜਾ ਹੈ! ਹੁਣ ਸਲੀਬੋਂ ਉਤਰ ਆਵੇ ਤਾਂ ਅਸੀਂ ਉਹ ਦੇ ਉੱਤੇ ਨਿਹਚਾ ਕਰਾਂਗੇ'' (ਮੱਤੀ 27:42)।*

ਸਲੀਬ ਤੋਂ ਕਹੇ ਯਿਸੂ ਦੇ ਸ਼ਬਦਾਂ ਨੂੰ ਕੌਣ ਭੁੱਲ ਸਕਦਾ ਹੈ, ਨਾਲੇ ਸਲੀਬ ਵੱਲ ਨੂੰ ਗੱਲਾਂ ਕਰਨ ਵਾਲਿਆਂ ਨੂੰ ਕੌਣ ਵਡਿਆ ਸਕਦਾ ਹੈ? ਜਦ ਅਸੀਂ ਆਪਣੇ ਆਪ ਨੂੰ ਸੁਣਦੇ ਹਾਂ ਤਾਂ ਅਸੀਂ ਪਰੇਸ਼ਾਨ, ਦੁਖੀ ਅਤੇ ਖਿਝਦੇ ਹਾਂ ਕਿ ਅਸੀਂ ਇਹ ਕੀ ਆਖ ਦਿੱਤਾ।

ਯਿਸੂ ਨੂੰ ਜਦ ਉਹ ਸਲੀਬ ਤੇ ਸੀ, ਕੀ ਆਖਿਆ ਗਿਆ ਸੀ?

*ਚੁਣੌਤੀ।* ਲੋਕਾਂ ਨੇ ਆਖਿਆ, ''ਜੇ ਤੂੰ ਪ੍ਰਮੇਸ਼ਵਰ ਦਾ ਪੁੱਤਰ ਹੈਂ ਤਾਂ ਸਲੀਬ ਤੋਂ ਉਤਰ ਆ'' (ਮੱਤੀ 27:39, 40)। ਯਿਸੂ ਦੇ ਸਤਾਉਣ ਵਾਲਿਆਂ ਨੇ ਆਖਿਆ, ''... ਸਲੀਬ ਤੋਂ ਉਤਰ ਆ ਤਾਂ ਅਸੀਂ ਵੇਖੀਏ ਅਤੇ ਪਰਤੀਤ ਕਰੀਏ'' (ਮਰਕੁਸ 15:32)। ਜੇ ਯਿਸੂ ਸਲੀਬ ਤੋਂ ਉਤਰ ਆਉਂਦਾ ਤਾਂ ਵੀ ਉਨ੍ਹਾਂ ਵਿਸ਼ਵਾਸ ਨਹੀਂ ਕਰਨਾ ਸੀ। ਉਨ੍ਹਾਂ ਉਹਨੂੰ ਫੇਰ ਸਲੀਬ ਚੜ੍ਹਾ ਦੇਣਾ ਸੀ! ਮੰਗ ਕਰਦੇ ਰਹਿਣ ਵਾਲੇ ਲੋਕ ਵਿਸ਼ਵਾਸ ਨਹੀਂ ਕਰ ਸਕਦੇ। ਢੀਠ ਪਾਪੀ ਵਿਸ਼ਵਾਸ ਨਹੀਂ ਕਰ ਸਕਦੇ। ਕੋਈ ਇਸ ਤੋਂ ਇਨਕਾਰ ਨਹੀਂ ਕਰ ਸਕਦਾ ਸੀ ਕਿ ਲਾਜ਼ਰ ਯਿਸੂ ਦੀ ਸ਼ਕਤੀ ਨਾਲ ਜ਼ਿੰਦਾ ਕੀਤਾ ਗਿਆ ਸੀ (ਯੂਹੰਨਾ 11)। ਪਰ ਇਸ ਜੀ ਉੱਠਣ ਨੇ ਮਸੀਹ ਦੀ ਮੌਤ ਵਿਚ ਤੇਜ਼ੀ ਲਿਆਂਦੀ। ਜਦ ਅਸੀਂ ਵਿਸ਼ਵਾਸ ਕਰਨਾ ਨਹੀਂ ਚਾਹੁੰਦੇ ਹਾਂ, ਤਾਂ ਮੋਅਜ਼ੇ ਵੀ ਸਾਡੀ ਮਦਦ ਨਹੀਂ ਕਰ ਸਕਦੇ!

*ਜਾਦੂ।* ਮਸੀਹ ਦੇ ਨਾਲ ਸਲੀਬ ਦਿੱਤੇ ਦੋ ਬੰਦਿਆ ਵਿੱਚੋਂ ਇਕ ਨੇ ਕਿਹਾ, ''ਭਲਾ, ਤੂੰ ਮਸੀਹ ਨਹੀਂ ਹੈਂ? ਤਾਂ ਆਪਣੇ ਆਪ ਨੂੰ ਅਤੇ ਸਾਨੂੰ ਭੀ ਬਚਾ'' (ਲੂਕਾ 23:39)। ਇਕ ਅਰਥ ਵਿਚ ਉਹ ਆਖ ਰਿਹਾ ਸੀ, ''ਸਾਨੂੰ ਛੜੀ ਨਾਲ ਹੈਰਾਨ ਕਰ।'' ਯਿਸੂ ਕੋਈ ਜਾਦੂਗਰ ਨਹੀਂ ਹੈ। ਇਹ ਇਕ ਬੋਧ ਹੈ ਜਿਸ ਵਿਚ ਕੋਈ ਵੀ ਖ਼ੁਦਾ ਵਾਂਗ ਅਣਉਤੇਜਿਤ ਨਹੀਂ ਹੈ। ਲੋਕ ਉੱਤੇਜਨਾ ਪੈਦਾ ਕਰਦੇ ਹਨ। ਸਲੀਬ ਦੇ ਨੇੜੇ ਜੋ ਲੋਕ ਸਨ ਉਹ ਵੀ ਸਿਰਫ਼ ਦੇਖ, ਸੁਣ ਜਾਂ ਸਿੱਖ ਨਹੀਂ ਸਕੇ। ਉਨ੍ਹਾਂ ਨੇ ਕੋਸ਼ਿਸ਼ ਕੀਤੀ ਕਿ ਕੁਝ ਵਾਪਰ ਜਾਵੇ। ਜੋ ਵੀ ਉਨ੍ਹਾਂ ਨੇ ਆਖਿਆ ਜਾਂ ਕੀਤਾ ਉਹ ਨਾਕਾਮ ਹੀ ਸੀ। ਅੱਜ ਲੋਕ ਉੱਤੇਜਨਾ ਨੂੰ ਵਧਾਵਾ ਦਿੰਦੇ ਹਨ। ਉਹ ''ਪਵਿੱਤਰ ਬੁੱਧੂ ਦਾ ਬੁੜ੍ਹਕਣਾ'' ਚਾਹੁੰਦੇ ਹਨ। ਓਹ ਆਪਣੀਆਂ ਅੱਖਾਂ ਨਾਲ ਸੁਣਨਾ ਅਤੇ ਭਾਵਨਾਵਾਂ ਨਾਲ ਸੋਚਣਾ ਚਾਹੁੰਦੇ ਹਨ। ਪਸ਼ਚਾਤਾਪ ਨਾ ਕਰਨ ਵਾਲੇ ਡਾਕੂ ਤੇ ਕਈ ਇਲਜ਼ਾਮ ਸਨ, ਜਿਨ੍ਹਾਂ ਵਿਚ ਕੁਫ਼ਰ

ਦਾ ਇਲਜ਼ਾਮ ਵੀ ਸੀ (ਲੂਕਾ 23:39)। ਉਹਨੇ ਪ੍ਰਭੂ ਨੂੰ ਮਿਹਣੇ ਮਾਰੇ ਅਤੇ ਮਜ਼ਾਕ ਭਰੇ ਅੰਦਾਜ਼ ਵਿਚ ਮੁਕਤੀ ਦੇਣ ਲਈ ਆਖਿਆ। ਮਰ ਰਿਹਾ ਆਦਮੀ ਐਨਾ ਬੇਸ਼ਰਮ ਕਿਵੇਂ ਹੋ ਸਕਦਾ ਹੈ?

ਆਪਣਾ ਸਭ ਤੋਂ ਵੱਡਾ ਦੁਸ਼ਮਣ ਆਦਮੀ ਆਪ ਹੈ। ਜੇ ਯਿਸੂ ਆਪਣੇ ਆਪ ਨੂੰ ਬਚਾ ਲੈਂਦਾ ਤਾਂ ਕੀ ਹੋਣਾ ਸੀ? ਫਿਰ ਆਦਮੀ ਦਾ ਨਾਸ ਹੋ ਜਾਂਦਾ। ਯਿਸੂ ਨੇ ਸਾਨੂੰ ਬਚਾਉਣ ਲਈ ਸਲੀਬ ਤੇ ਰਹਿ ਕੇ ਆਪਣੀ ਕੁਰਬਾਨੀ ਦਿੱਤੀ।

*ਬਦਲਾਅ।* ਇਕ ਡਾਕੂ ਨੇ ਪਸ਼ਚਾਤਾਪ ਨਹੀਂ ਕੀਤਾ ਸੀ, ਪਰ ਦੂਜੇ ਨੇ ਆਖਿਆ, ''ਸਾਨੂੰ ਚੇਤੇ ਕਰੀਂ'' (ਲੂਕਾ 23:42)। ਸਲੀਬ ਲੋਕਾਂ ਨੂੰ ਜਾਂ ਤਾਂ ਬੇਹਤਰ ਬਣਾਉਂਦੀ ਹੈ ਜਾਂ ਭੈੜੇ। ਇਕ ਡਾਕੂ ਦੀ ਖ਼ੁਦਗਰਜ਼ ਜ਼ਿੰਦਗੀ ਦਾ ਖ਼ਾਤਮਾ ਉਹਦੀ ਖ਼ੁਦਗਰਜ਼ ਮੌਤ ਨਾਲ ਹੋਇਆ। ਦੂਜੇ ਡਾਕੂ ਨੇ ਤੌਬਾ ਕਰ ਲਈ। ਉਹਨੇ ਰਹਿਮ ਦੀ ਅਪੀਲ ਕਰਕੇ ਹਾਲਾਤ ਨੂੰ ਪਿੱਛੇ ਧੱਕਦਿਆਂ ਯਿਸੂ ਤੇ ਧਿਆਨ ਲਾਇਆ। ਧਰਤੀ ਤੇ ਇਹ ਡਾਕੂ ਹੀ ਇਕ ਆਦਮੀ ਸੀ ਜੋ ਸਮਝ ਰੱਖਦਾ ਸੀ ਕਿ ਕੀ ਹੋ ਰਿਹਾ ਹੈ। ਉਹਨੇ ਮਹਿਸੂਸ ਕੀਤਾ ਕਿ ਉਹਨੇ ਬਦਕਾਰੀ ਵਾਲਾ ਜੀਵਨ ਬਿਤਾਇਆ ਸੀ ਅਤੇ ਉਹਨੇ ਬਦਲਣ ਦੀ ਲੋੜ ਸਮਝੀ। ਇੰਜੀਲ ਦਾ ਪੈਗ਼ਾਮ ''ਚੰਗੀ ਖ਼ਬਰ'' ਬਣਨ ਤੋਂ ਪਹਿਲਾਂ ''ਮਾੜੀ ਖ਼ਬਰ'' ਹੋਣਾ ਜ਼ਰੂਰੀ ਹੈ।

*ਤਮਾਸ਼ਬੀਨ।* ਹੋਰਨਾਂ ਆਖਿਆ, ''ਇਹ ਏਲੀਯਾਹ ਨੂੰ ਅਵਾਜ਼ ਮਾਰਦਾ ਹੈ'' (ਮੱਤੀ 27:47-49; ਵੇਖੋ ਮਰਕੁਸ 15:36)। ਤਮਾਸ਼ਬੀਨ ਖ਼ਤਰਨਾਕ ਹੁੰਦੇ ਹਨ। ਯਿਸੂ ਦੇ ਖ਼ੁਦਾ ਨੂੰ ਉੱਚੀ ਦੇ ਕੇ ਪੁਕਾਰਨ ਦੇ ਬਾਅਦ ਤਮਾਸ਼ਬੀਨਾਂ ਨੇ ਉਹੀ ਕੀਤਾ ਜੋ ਤਮਾਸ਼ਬੀਨ ਕਰਦੇ ਹਨ। ਉਨ੍ਹਾਂ ਸਭ ਕੁਝ **ਰਲਗੋਭਾ** ਖਿਚੜੀ ਕਰ ਦਿੱਤਾ! ਯਿਸੂ ਦੇ ਦਿਲ ਦੀ ਗਹਿਰਾਈ ਦੀ ਅਵਾਜ਼ ਸੁਣ ਕੇ ਅੰਧਵਿਸ਼ਵਾਸੀ ਲੋਕਾ ਨੇ ਏਲੀਆਹ ਨੂੰ ਖ਼ੁਦਾ ਨਾਲ ਉਲਝਾ ਦਿੱਤਾ। ਤਮਾਸ਼ਬੀਨ (ਰੋਮਾਂਚ ਚਾਹੁਣ ਵਾਲੇ) ਲੋਕ ਵੇਖਦੇ ਸਭ ਕੁਝ ਹਨ ਪਰ ਗ਼ੌਰ ਕਿਸੇ ਤੇ ਨਹੀਂ ਕਰਦੇ। ਜੋ ਕੁਝ ਹੁੰਦਾ ਹੈ ਉਹ ਉਸ ਸਭ ਨੂੰ ਵੇਖਦੇ ਹਨ, ਪਰ ਸਮਝਦੇ ਕੁਝ ਨਹੀਂ। ਉਨ੍ਹਾਂ ਸਭ ਤਮਾਸ਼ਬੀਨਾਂ ਨੇ ਐਨਾ ਕੁ ਜ਼ਰੂਰ ਕੀਤਾ ਕਿ ਉਨ੍ਹਾਂ ਨੇ ਯਿਸੂ ਨੂੰ ਸਿਰਕਾ ਪੇਸ਼ ਕਰ ਦਿੱਤਾ! ਕਿੰਨੀ ਘਟੀਆ ਗੱਲ ਹੈ!

*ਜੁਆਰੀ।* ਯਿਸੂ ਦੇ ਚੋਗੇ ਬਾਰੇ ਸਿਪਾਹੀਆਂ ਨੇ ਆਖਿਆ, ''ਅਸੀਂ ਇਹਨੂੰ ਨਾ ਪਾੜੀਏ, ਪਰ ਇਹਦੇ ਉੱਤੇ ਗੁਣੇ ਪਾਈਏ'' (ਯੂਹੰਨਾ 19:24)। ਯਿਸੂ ਸਾਡੇ ਪਾਪਾਂ ਲਈ ਮਰ ਰਿਹਾ ਸੀ ਜਦਕਿ ਲੋਕ ਉਹਦੇ ਕਪੜਿਆਂ ਲਈ ਜੂਆ ਖੇਡ ਰਹੇ ਸਨ। ਸਲੀਬ ਤੇ ਕੋਈ ਸਖ਼ਤ ਦਿਲ ਆਦਮੀ ਹੀ ਜੂਆ ਖੇਡ ਸਕਦਾ ਸੀ।

ਸਾਡੇ ਵਿਚ ਹਰ ਕੋਈ ਆਪਣੀਆਂ ਜਾਨਾਂ ਕਿਸੇ ਚੀਜ਼ ਲਈ ਵੇਚ ਰਿਹਾ ਹੈ। ਮਨੁੱਖ ਸਾਰੀ ਦੁਨੀਆਂ ਨੂੰ ਹਾਸਲ ਕਰਨ ਦੇ ਬਾਵਜੂਦ ਆਪਣੀ ਜਾਨ ਦਾ ਨੁਕਸਾਨ ਕਰ ਸਕਦਾ ਹੈ (ਮੱਤੀ 16:24-26)। ਲੋਕਾਂ ਨੇ ਜੂਆ ਖੇਡਿਆ ਜਦ ਕਿ ਖ਼ੁਦਾ ਦਾ ਪੁੱਤਰ ਉਨ੍ਹਾਂ ਨੂੰ ਬਚਾਉਣ ਲਈ ਮਰ ਰਿਹਾ ਸੀ! ਲੋਕਾਂ ਦੀ ਦਿਲਚਸਪੀ ਆਦਮੀ ਦੀ ਜਾਨ ਨਾਲੋਂ ਉਹਦੇ ਕਪੜੇ ਵਿਚ ਬਹੁਤੀ ਸੀ। ਉਨ੍ਹਾਂ ਦੀ ਨਜ਼ਰ ਵਿਚ ਚੀਜ਼ਾਂ ਦੀ ਅਹਿਮੀਅਤ ਜ਼ਿਆਦਾ ਸੀ। ਭਲਾ ਅਸੀਂ ਉਨ੍ਹਾਂ ਨਾਲੋਂ ਕੁਝ ਫ਼ਰਕ ਹਾਂ? ਭਲਾ ਅਸੀਂ ਕੁਝ ਬੇਹਤਰ ਹਾਂ? ਅਸੀਂ ਸੱਭ ਚੀਜ਼ਾਂ ਦਾ ਮੁੱਲ ਤਾਂ ਜਾਣਦੇ ਹਾਂ ਪਰ ਕੀਮਤ ਕਿਸੇ ਦੀ ਨਹੀਂ। ਯਿਸੂ ਸੁਰਗ ਵਿਚ ਵਾਪਸ ਚਲਾ ਗਿਆ ਅਤੇ ਚੋਗਾ ਛੇਤੀ ਹੀ ਅਲੋਪ ਹੋ ਗਿਆ। ਰੂਹਾਨੀ ਕੀਮਤਾਂ ਬਣੀਆਂ ਰਹਿੰਦੀਆਂ ਹਨ; ਅਧੂਰੀਆਂ ਚੀਜ਼ਾਂ ਮੁੱਕ ਜਾਂਦੀਆਂ ਹਨ।

*ਨਿਚੋੜ ਦਾ ਸਮਾਂ।* ਇਕ ਸੂਬੇਦਾਰ ਨੇ ਜੋ ਇਹ ਸਭ ਹੁੰਦਾ ਵੇਖ ਰਿਹਾ ਸੀ, ਕਿਹਾ ''ਇਹ ਪੁਰਖ ਠੀਕ ਪ੍ਰਮੇਸ਼ਵਰ ਦਾ ਪੁੱਤਰ ਸੀ'' (ਮਰਕੁਸ 15:39)। ਜੰਗ ਵਿਚ ਸਖ਼ਤ ਹੋਏ ਸਿਪਾਹੀ ਦਾ ਕੰਮ ਦਾ ਰੋਜ਼ ਸੀ; ਪਰ ਸ਼ਾਇਦ ਉਹਨੇ ਆਪਣੇ ਕੰਮ ਤੇ ਫ਼ਖ਼ਰ ਕੀਤਾ। ਉਹਨੇ ਪਲ-ਪਲ ਤੇ ਨਜ਼ਰ ਰੱਖੀ; ਉਹਨੇ ਯਿਸੂ ਦਾ ਇਕ-ਇਕ ਸ਼ਬਦ ਸੁਣਿਆ। ਯਿਸੂ ਹੋਰਨਾਂ ਨਾਲੋਂ ਫ਼ਰਕ ਸੀਂ; ਇਹ ਸਲੀਬ ਫ਼ਰਕ ਸੀ। ਅਨਜਾਣਪੁਣੇ ਵਿਚ ਇਸ ਇਮਾਨਦਾਰ ਆਦਮੀ ਨੇ ਆਪਣੇ ਆਪ ਨੂੰ ਅਮਰ ਕਰ ਦਿੱਤਾ। ਜੋ ਕੁਝ ਦੁਨੀਆਂ ਨੂੰ ਭੀੜ ਨੂੰ ਅਤੇ ਦੁਸ਼ਮਣਾਂ ਨੂੰ ਬਿਲਕੁਲ ਨਜ਼ਰ ਨਹੀਂ ਆਇਆ, ਉਹ ਇਸ ਆਦਮੀ ਨੇ ਵੇਖ ਲਿਆ! ਉਹਨੇ ਇੱਕੋ ਹੀ ਨਿਚੋੜ ਕੱਢਿਆ ਜੋ ਇਮਾਨਦਾਰੀ ਨਾਲ ਕੱਢਿਆ ਜਾ ਸਕਦਾ ਹੈ। ਯਿਸੂ ਜਾਂ ਤਾਂ ਖ਼ੁਦਾ ਦਾ ਪੁੱਤਰ ਹੈ ਜਾਂ ਨਹੀਂ ਹੈ। ਇਸ ਸੂਬੇਦਾਰ ਨੇ ਆਪਣਾ ਨਿਚੋੜ ਕੱਢਿਆ; ਸਾਨੂੰ ਆਪਣਾ ਨਿਚੋੜ ਕੱਢਣਾ ਪਵੇਗਾ।

ਅਸੀਂ ਸਭ ਆਪਣੇ ਆਪ ਨੂੰ ਸਲੀਬ ਕੋਲ ਖੜੇ ਪਾਉਂਦੇ ਹਾਂ। ਉੱਥੇ ਅਸੀਂ ਕਿੰਨੇ ਰਲੇ-ਮਿਲੇ ਲੋਕਾਂ ਦਾ ਸਮੂਹ ਵੇਖਦੇ ਹਾਂ, ਜਿਸ ਵਿਚ ਦੁਸ਼ਮਣ, ਜਿਗਿਆਸੂ, ਅਨਜਾਣ ਲੋਕ, ਦਰਸ਼ਕ, ਸਹਿਮੇ ਹੋਏ ਚੇਲੇ ਅਤੇ ਹੋਰ ਅਜ਼ੀਜ਼ ਹਨ! ਯਿਸੂ ਹੀ ਇਕੱਲਾ ਸੀ ਜਿਹਨੇ ਖ਼ੁਦਾ ਦੀ ਮਰਜ਼ੀ ਮੁਤਮਾਬਕ ਜ਼ਿੰਦਗੀ ਬਿਤਾਈ।

*ਸਲੀਬ ...*
*ਹੋਰ ਰਾਹ ਹੀ ਨਹੀਂ!*